ਨਾਮਧਾਰੀ ਨਿਤਨੇਮ

ਭੂਮਿਕਾ

੧੯੯੦–1937



Sri Satguru Jagjit Singh Ji E-library

Sri Satguru Jagjit Singh Ji E-library has been created with the approval and personal blessings of Sri Satguru Uday Singh Ji. You can easily access the wealth of teaching, learning and research materials on Sri Satguru Jagjit Singh Ji E-library online, which until now have only been available to a handful of scholars and researchers.

This new Sri Satguru Jagjit Singh Ji E-library allows school children, students, researchers and armchair scholars anywhere in the world at any time to study and learn from the original documents.

As well as opening access to our historical pieces of world heritage, digitisation ensures the long-term protection and conservation of these fragile treasures. This is a significant milestone in the development of the Sri Satguru Jagjit Singh Ji E-Library, but it is just a first step on a long road.

Please join with us in this remarkable transformation of the Library. You can share your books, magazines, pamphlets, photos, music, videos etc. This will ensure they are preserved for generations to come. Each item will be fully acknowledged.

To continue this work, we need your help

Your generous contribution and help will ensure that an ever-growing number of the Library's collections are conserved and digitised, and are made available to students, scholars, and readers the world over. The Sri Satguru Jagjit Singh Ji E-Library collection is growing day by day and some rare and priceless books/magazines/manuscripts and other items have already been digitised.

We would like to thank all the contributors who have kindly provided items from their collections. This is appreciated by us now and many readers in the future.

Contact Details

For further information - please contact

Email: NamdhariElibrary@gmail.com

kirpal.singh.chana

੧ ਓ

ਨਾਮਧਾਰੀ ਨਿਤਨੇਮ ।

ਜਿਸ ਨੂੰ
ਨਾਮਧਾਰੀ ਟ੍ਰੈਕਟ ਸੁਸਾਇਟੀ (ਸ੍ਰੀਰਾਮਦਾਸ
ਪੁਰਾ) ਭੈਣੀ ਸਾਹਿਬ ਨੇ ਨਾਮਧਾਰੀ
ਖਾਲਸਾਜੀ ਦੇ ਲਾਭ ਲਈ ਸ੍ਰੀ ਪੂਜਜ
ਮਹਾਰਾਜ ਪ੍ਰਤਾਪਸਿੰਘਜੀ ਦੇ ਖਾਸ
ਨਿਤਨਿਯਮ ਨਾਲ-

ਸੋਧਕੇ

"ਸ੍ਰੀਚੰਦ੍ਰ ਪ੍ਰੈਸ" ਅੰਮ੍ਰਿਤਸਰ ਵਿਚ ਸ੍ਰੀ-
ਸ੍ਵਾਮੀ ਸੰਤੋਸ਼ਾਨੰਦ ਜੀ ਮੈਨੇਜਰ ਤੇ
ਪ੍ਰਿੰਟਰ ਦੇ ਪ੍ਰਬੰਧ ਨਾਲ
ਛਪਾਯਾ।

ਪਹਿਲੀ ਵਾਰ ੧੦੦੦

ਤਤਕਰਾ

ਹਵਨ ਦੀ ਬਾਣੀ

੧ ਓ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ ॥

ਪ੍ਰਸਤਾਵਨ

ਭਾਰਤ ਵਰਸ਼ ਨੂੰ ਏਸ ਗਲ ਦਾ ਡਾਢਾ ਮਾਣ ਹੈ ਕਿ ਏਸ ਉਤੇ ਸ੍ਰਿਸਟੀ ਦੇ ਆਰੰਭ ਤੋਂ ਹੀ ਵਡੇ ੨ ਮਹਾਪੁਰਸ ਰਿਸ਼ੀ ਮੁਨੀ ਅਵਤਾਰ ਪੀਰ ਪੈਗੰਬਰ ਸਾਧੂ ਮਹਾਤਮਾ ਜਨਮ ਲੈਕੇ ਧਰਮ ਪ੍ਰਚਾਰ ਤੇ ਅਧਰਮ ਪ੍ਰਹਾਰ ਕਰਦੇ ਚਲੇ ਆਏ ਹਨ, ਭਟਾਂ ਨੇ ਆਪਣੇ ਸ੍ਵੈਯਾ ਅੰਦਰ ਏਸੇ ਗਲ ਦੀ ਪੂਰਤੀ ਕਰਦਿਆਂ ਹੋਯਾਂ ਲਿਖਿਆ ਹੈ:-

"ਸਤਿਜੁਗ ਤੈਂ ਮਾਣਿਓ ਛਲਿਓ ਬਲ ਬਾਵਨ ਭਾਇਓ। ਤ੍ਰੇਤੈ ਤੈ ਮਾਣਿਓ ਰਾਮ ਰਘੁਵੰਸ ਕਹਾਇਓ। ਦੁਆਪਰ ਕ੍ਰਿਸਨ ਮੁਰਾਰਿ ਕੰਸ ਕ੍ਰਿਤਾਰਥ ਕੀਓ। ਉਗ੍ਰਸੈਨ ਕਉ ਰਾਜ ਅਭੈ ਭਗਤਹ ਜਨ ਦੀਓ। ਅਬ ਕਲਜੁਗ ਪ੍ਰਮਾਣ ਨਾਨਕ ਗੁਰੂ ਅੰਗਦ ਅਮਰ ਕਹਾਇਓ। ਸ੍ਰੀ ਗੁਰੂ ਰਾਜ ਅਬਚੱਲ ਅਟੱਲ

ਆਦ ਪੁਰਖ ਫਰਮਾਇਓ ।"

ਅਜ ਤੋਂ ਕੋਈ ੪੫੦ ਸਾਡੇ ਚਾਰ ਸੌ ਸਾਲ ਪਹਿਲੇ ਏਸ ਭਾਰਤ ਵਰਸ਼ ਏਸ ਰਿਸ਼ੀ ਭੂਮੀਦੀ ਅਜੈਹ ਦੁਰਦਿਸ਼ਾ ਹੋ ਰਹੀ ਸੀ ਯਵਨ ਰਾਜ ਜੋਰਾਂ ਤੇ ਸੀ, ਹਿੰਦੂ ਡਾਢੇ ਸਤਾਏ ਜਾ ਰਹੇ ਸਨ, ਹਿੰਦੂਆਂ ਦੀਆਂ ਬਹੂ ਬੇਟੀਆਂ ਦਿਨ ਦੀਵੀਂ ਯਵਨ ਲੋਕ ਖੋਹ ਲੈਜਾਂਦੇ ਸਨ, ਕੋਈ ਫਰਆਦ ਨਹੀਂ ਸੀ ਸੁਣਦਾ ਸਗੋਂ ਇਨਸਾਫ ਦੀ ਵਾਗ ਡੋਰ ਕਾਜੀਆਂ ਦੇ ਹਥੋਂ ਹੁੰਦੀ ਸੀ, ਜਿਨ੍ਹਾਂ ਦੀ ਬਾਬਤ ਭਾਈ ਗੁਰਦਾਸ ਜੀ ਲਿਖਦੇ ਹਨ:—

"ਕਾਜੀ ਹੋਏ ਰਿਸ਼ਵਤੀ
ਵਡੀ ਲੈਕੇ ਹਕ ਗੁਆਈ"

ਸਿੰਧ ਦੇ ਇਤਹਾਸ ਵਿਚ ਲਿਖਯਾ ਹੈ ਕਿ ਸਿੰਧ ਦੇ ਅਮੀਰ ਨੇ ਇਕ ਕਾਜੀ ਕੋਲੋਂ ਪੁਛਿਆ ਕਿ ਲੋਕ ਆਪ ਉਤੇ ਸ਼ਕੈਤ ਕਰਦੇ ਹਨ ਕਿ ਆਪ ਵਡੀ ਖਾਂਦੇ ਹੋ ਤਾਂ ਅਗੋਂ ਕਾਜੀ ਸਾਹਿਬ ਹੈਰਾਨ ਤੇ ਨਿਮੋਝਣੇ ਜੇਹੇ ਹੋਕੇ ਬੋਲੇ ਕਿ ਹਜੂਰ ਮੈਂ ਮੁੱਦਈ ਤੇ ਮੁਦਾਲੇ ਕੋਲੋਂ ਹੀ ਲੈਂਦਾ ਹਾਂ ਅਫਸੋਸ ਹੈ ਕਿ ਗੁਵਾਹਾਂ

ਕੋਲੋਂ ਕੁਝ ਨਹੀਂ ਮਿਲਦਾ, ਜਦ ਅਜੇਹੀ ਹਾਲਤ ਸ੍ਰਿਸ਼ਟੀ ਦੀ ਹੋਈ ਤਾਂ ਦੁਖੀ ਹੋਈ ਭੂਮੀ ਅਕਾਲ ਪੁਰਖ ਦੇ ਚਰਨਾਂ ਵਿਚ ਪ੍ਰਾਰਥਕ ਹੋਈ ਧਰਨੀ ਦੀ ਪੁਕਾਰ ਸੁਣਕੇ ਈਸ਼੍ਵਰ ਨੂੰ ਦਯਾ ਆਈ ਅਤੇ:-

"ਗੁਰੂ ਨਾਨਕ ਜਗ ਮਾਂਹ ਪਠਾਯਾ"

ਸਤਿਗੁਰੂ ਨਾਨਕ ਦੇਵ ਜੀ ਨੂੰ ਧਰਤੀ ਦੇ ਦੁਖ ਦੂਰ ਕਰਨ ਲਈ ਭੇਜਿਆ ਆਪਨੇ ਮੁੜ ਧਰਮ ਪ੍ਰਚਾਰ ਕਰਨਾ ਅਰੰਭ ਕੀਤਾ ਅਤੇ ਲੋਕਾਂ ਨੂੰ ਸਤ ਸੰਤੋਖ ਦਯਾ ਧਰਮ ਜਗ ਹਵਨ ਆਦਿ ਸ੍ਰੇਸ਼ਟ ਗੁਣਾ ਵਿਚ ਪ੍ਰਵਿਰਤ ਕੀਤਾ ਅਤੇ 'ਸਿਖ ਪੰਥ' ਰੂਪ ਮਨੋਹਰ ਬ੍ਰਿਛ ਦੀ ਜੜ੍ਹ ਲਾਈ ਆਪ ਦੇ ਪਿਛੋਂ ੮ ਗੁਰੂਆਂ ਨੇ ਏਸ ਬੂਟੇ ਨੂੰ ਏਸੇ ਸ਼ਕਲ ਵਿਚ ਕਾਇਮ ਰਖਣ ਲਈ ਬੜੇ ੨ ਯਤਨ ਕੀਤੇ ਅਤੇ ਏਸ ਦੀਆਂ ਜੜ੍ਹਾਂ ਵਿਚ ਆਪਣੀ ਸ਼ਾਹ ਰਗ ਦਾ ਖ਼ੂਨ ਪਾਕੇ ਸਿੰਚਯਾ, ਤਿਲਕ ਜੰਞੂ ਤੇ ਹਿੰਦੂ ਧਰਮ ਦੀ ਰਖਯਾ ਲਈ ਗੁਰੂ ਤੇਗ ਬਹਾਦਰ ਜੀ ਨੇ ਦਿਲੀ ਵਿਚ ਜਾਕੇ ਸੀਸ ਦਿਤਾ ਪੰਥ ਦੀ ਵਾਗ ਡੋਰ ਗੁਰੂ ਗੋਬਿੰਦ ਸਿੰਘ ਜੀ ਦੇ ਹਥ ਆਈ ਆਪਨੇ

ਵਿਚਾਰ ਕੀਤੀ ਕਿ ਜੇ ਦੇਸ਼ਦੀ ਹਾਲਿਤ ਏਸੇ ਤਰ੍ਹਾਂ ਰਹੀ ਤਾਂ ਬਦੇਸ਼ੀ ਲੋਕ ਏਸਨੂੰ ਤਬਾਹ ਕਰ ਦੇਣਗੇ ਹਿੰਦੂ ਜਾਤੀ ਬਿਲਕੁਲ ਮੁਰਦਾ ਹੋ ਚੁਕੀ ਹੈ, ਜਾਤੀਅਤਾ (ਕੌਮੀਜਤ) ਇਸਦੇ ਦਿਲ ਵਿਚੋਂ ਉਕੀ ਹੀ ਨਸ਼ਟ ਹੋ ਚੁਕੀ ਹੈ। ਸ੍ਵੈ ਅਭਿਮਾਨ, ਸ੍ਵੈ ਸਤਿਕਾਰ, ਨਿਜ ਗੌਰਵ, ਉਡ ਚੁਕੇ ਹਨ। ਏਸਦੇ ਸਾਹਮਣੇ ਏਸਦੀਆਂ ਬਹੂ ਬੇਟੀਆਂ ਦੀ ਬੇ ਇਜ਼ਤੀ ਹੋ ਰਹੀ ਹੈ। ਧਰਮ ਮੰਦਰਾਂ ਨੂੰ ਗਿਰਾਕੇ ਮਿਟੀ ਵਿਚ ਮਿਲਾ ਦੇਣਾ ਆਦਿ ਅਪਮਾਨ ਯੋਗ ਕਾਰਜ ਹੁੰਦੇ ਦੇਖਕੇ ਭੀ ਏਸ ਦੇ ਕੰਨਾ ਤੇ ਜੂੰ ਤਕ ਨਹੀਂ ਸਰਕਦੀ। ਡਰਦਾਕੋਈਬੋਲਦਾਨਹੀਂ ਸੋ ਏਸ ਹਿੰਦੂ ਜਾਤੀ ਤੋਂ ਕੋਈ ਆਸ ਰਖਣੀ ਵਿਅਰਥ ਹੀ ਹੈ ਅਤੇ ਏਸ ਦੇ ਬਚਾ ਵਾਸਤੇ ਨਹੀਂ ਨਹੀਂ ਸਗੋਂ ਏਸ ਨੂੰ ਜੀ ਦਾਨ ਦੇਣ ਲਈ ਯਤਨ ਕਰਨਾ ਮੇਰਾ ਧਰਮ ਹੈ, ਸੋ ਆਪਨੇ ਬਹੁਤ ਸੋਚ ਵਿਚਾਰ ਅਤੇ ਹਿੰਦੂਆਂ ਦੀ ਹਾਲਤ ਅਨੁਭਵ ਕਰਕੇ ਧਰਮ ਰਖਯਾ ਵਾਸਤੇ ਹਿੰਦੂ ਜਾਤੀ ਵਿਚੋਂ ਇਕ ਵਖਰੀ ਕੌਮ ਰਚਨ ਦੀ ਵਿਚਾਰ ਕੀਤੀ। ਅਰਥਾਤ

ਗੁਰੂ ਨਾਨਕਦੇਵ ਜੀ ਨੇ ਜਿਸ ਬਿਖ-
ਬ੍ਰਿਛ ਦੀ ਜੜ ਲਾਈ ਸੀ ਓਸ ਨੂੰ ਪਿਓਂਦ
ਕਰਕੇ ਅਗੇ ਨਾਲੋਂ ਵਧੀਕ ਸੁਹਾਵਣਾ ਹਰਾ
ਭਰਾ ਤੇ ਹਰਮਨ ਪਜ਼ਾਰਾ ਬਣਾਨਾ ਚਾਹਿਆ
ਏਹ ਸੋਚ ਆਪਨੇ ਸੰਮਤ ੧੭੫੬ ਬਿਕ੍ਰਮੀ
ਨੂੰ ਸਿਖ ਪੰਥ ਨੂੰ ਨਵੀਨ ਰੰਗਣ ਵਿਚ ਰੰਗ
ਦਿਤਾ। ਅਮ੍ਰਿਤ ਛਕਾਕੇ ਚਾਰ ਵਰਨ ਦੇ
ਏਕੋ ਭਾਈ ਬਨਾ ਇਕ ਦੂਜੇਤੋਂ ਅਤੇ ਖਾਸ
ਕਰਕੇ ਭਾਰਤਵਰਸ਼ਤੋਂ ਸਿਰਤਕ ਕਰਬਾਨ
ਕਰਨਦੀ ਤਾਕਤ ਭਰ ਦਿਤੀ ਭਾਵ ਹਿੰਦੂ
ਜਾਤੀ ਦੀ ਰਖਜ਼ਾ ਲਈ ਇਕ ਸ੍ਵੈਂਸੇਵਕ
ਦਲ (ਵਾਲੰਟੀਅਰ ਕੋਰ) ਕਾਇਮ ਕੀਤੀ,
ਅਤੇ ਦਸਿਆ ਕਿ ਖਾਲਸਾ ਜੀ ਆਪਦਾ
ਕਰਤੱਬ, ਆਦ੍ਸ਼, ਲੱਖਸ਼, ਏਹੈ ਧਰਮ
ਚਲਾਵਨ ਸੰਤ ਉਬਾਰਨ, ਦੁਸ਼ਟ ਸਭਨ ਕੋ
ਮੂਲ ਉਖਾਰਨ, ਭਾਈ ਸੰਤੋਖ ਸਿੰਘ ਜੀ
ਗੁਰਪ੍ਰਤਾਪ ਸੂਰਜ ਵਿਚ ਦਸਦੇ ਹਨ, ਕਿ
ਜੇ ਗੁਰੂਜੀ ਅਜੇਹਾਨਾਕਰਦੇਤਾਂ ਕੀ ਹੁੰਦਾ:-

ਕਬਿਤ ॥ ਛਾਇ ਜਾਤੀਏਕਤਾ ਅਨੇਕਤਾ
ਬਿਲਾਇ ਜਾਤੀ ਧਾਇ ਕੁਚਲਤਾ ਕਤੇਬਨ

ਕੁਠਾਨਕੀ। ਪਾਪਹੀ ਪ੍ਰਪੱਕਜਾਤੇਧਰਮਧਸੱਕ ਜਾਤੇ ਵਰਨ ਗਰੱਕ ਜਾਤੇ ਸਹਿਤ ਵਿਧਾਨਕੀ। ਦੇਵੀ ਦੇਵ ਦੇਹੁਰੇ ਸੰਤੋਖ ਸਿੰਘ ਦੂਰ ਹੋਤੇ ਰੀਤ ਮਿਟ ਜਾਤੀ ਕਥਾ ਵੇਦ ਔਪੁਰਾਨ ਕੀ, ਸ੍ਰੀ ਗੁਰੂ ਗੋਬਿੰਦ ਸਿੰਘ ਪਤਿਤ ਪਾਵਨ ਸੂਰ ਮੂਰਤੀ ਨਾਂ ਹੋਤੀ ਜੋ ਪੈ ਕਰਨਾਂ ਨਿਧਾਨ ਕੀ

ਪਰ ਗੁਰੂ ਜੀ ਤਾ ਆਏ ਹੀ ਏਹੋ ਵਾਸਤੇ ਸਨ, ਕਿ ਅਲੋਪ ਹੋਈਰ ਯਗ ਹਵਨ ਆਦ ਦੀ ਮ੍ਰਯਾਦਾ ਮੁੜ ਇਸ ਥਿਤ ਕੀਤੀ ਜਾਵੇ, ਭਾਈ ਗੁਰਦਾਸ ਜੀ ਦਸਦੇ ਹਨ'ਕੂੜ ਕਪਟ ਸਭ ਛਪ ਗਿਆ ਸਭ ਸਚ ਵਰਤਾਰਾ ਫਿਰਯੱਗ ਹੋਮ ਠਹਿਰਾਇ ਕਰ ਨਿਜ ਧਰਮ ਸਵਾਰਾ ਏਸੇ ਗਲ ਦੀ ਪੂਰਤੀ ਕਰਦੇ ਹੋਏ ਭਾਈ ਹਰਨਾਮ ਸਿੰਘ ਜੀ ਉਪਦੇਸ਼ਕ ਚੀ: ਖਾ: ਦੀ: ਸਚੀ ਮੁਹੱਣਤ ਨਾਮ ਟ੍ਰੈਕਟ ਵਿਚ ਲਿਖਦੇ ਹਨ।

ਯੱਗ ਹੋਮ ਹੋਵਨਾਂ ਨਾ ਹਿੰਦ ਮੇਂ ਕੋਈ ਮੂਲ ਪਾਤਾ ਭੂਲਤੇ ਨਿਸਾਨ ਨਾਹੀ ਆਜ ਹਿੰਦਵਾਨ ਕੇ। ਕਹਿਤ ਹਰਨਾਮ ਸਿੰਘ ਏਸ ਮੇ ਨਾ ਝੂਠ ਜਾਨੋਂ ਤੀਰ ਜੋ ਨਾ ਛੂਟਤੇ

ਗੋਬਿੰਦ ਸਿੰਘ ਜੁਆਨ ਕੇ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਆਪਣੇ ਹਸਤ ਕਵਿਲਾ ਨਾਲ ਲਿਖਦੇ ਹਨ:-

"ਧੂਪ ਦੀਪ ਤਿਲਕਾਦ ਸੁਗੰਧਾ ਪਹਪ ਲਲਤ ਕਰ ਲੀਏ। ਨਿਰਮਲ ਅੰਭੁ ਕਲਸ ਕੰਚਨ ਭਰ ਪਾਕ ਸੁਬਿਧ ਬਿਧ ਕੀਏ।"

[ਸਰਬਲੋਹ ਗ੍ਰੰਥ ਧਿ: ੧ ਛੰਦ ੩੩੯]

ਅਤੇ ਏਸੇ ਪੁਸਤਕ ਦੇ ਧਿਆਇ ੨ ਛੰਦ ੬੦੨ ਵਿਚ ਲਿਖਾਯਾ ਹੈ:-

"ਧੂਪ ਦੀਪ ਸਵਾਰ ਆਰਤੀ ਕਰਤ ਪੂਜਾ ਚਾਰੁ ਸੁਰ। ਘਸਤ ਕੁੰਕਮ ਅਗਰ ਚੰਦਨ ਪੁਸਪ ਗੰਧ ਸੁਗੰਧ ਚਰ। ਨਈਵੇਦ ਨਾਨਾਂ ਭਾਂਤ ਬਿੰਜਨਬਿਬਿਧਮੇਵੇਜਾਤ ਤਰੁ। ਅਨੇਕ ਕੁਸ਼ਮ ਸੁਗੰਧ ਨਾਨਾਂ ਭਾਂਤ ਪਰਮਲ ਪਰਸ ਪੂਰ।"

ਏਹੋ ਕਾਰਨ ਸੀ ਕਿ ਸ੍ਰੀ ਗੁਰੂ ਜੀ ਦੀ ਹਵਨਦੇ ਨਾਲ ਅਜੇਹੀ ਪ੍ਰੀਤ ਸੀ ਕਿ ਆਪਨੇ ਸਵਾ ਲਖ ਦਮੜੇ ਦੀ ਸਮਗ੍ਰੀ ਅਕੱਤ੍ਰ ਕਰਕੇ ਨੈਨਾ ਦੇਵੀ ਦੇ ਮੰਦਰ ਦੇ ਸਾਹਮਣੇ ਸ੍ਵਯੰ ਹਮਨ ਕੀਤਾ। ਦੇਖੋ ਪੰਥ ਪ੍ਰਕਾਸ਼ ਰਚਿਤ

ਗਜ਼ਾਨੀ ਗਜ਼ਾਨ ਸਿੰਘ ਐਡੀਸ਼ਨ ੧ ਧਿਆਇ ੧੪ ਪੰਨਾ ੧੫੧।

"ਲਗਨ ਸਗਨ ਸਭ ਸੋਧ
ਹਵਨ ਗੁਰੁ ਲਗੇ ਕਰਨ ਤਬ।"

ਉਪ੍ਰੋਕਤ ਗਜ਼ਾਨੀ ਜੀ ਆਪਨੀ ਤ੍ਵਾਰੀਖ ਖਾਲਸਾ ਹਿਸਾ ੧ ਪੰਨਾ ੧੮੦ ਉਰਦੂ ਵਿਚ ਲਿਖਦੇ ਹਨ ਕਿ "ਗੁਰੂ ਜੀ ਨੇ ਸੋਚਿਆ ਕਿ ਦੇਵੀ ਤਾਂ ਪ੍ਰਗਟ ਹੋ ਹੀ ਨਹੀਂ ਸਕਦੀ ਹਾਂ ਹਵਨ ਦੇ ਬਹੁਤ ਸਾਰੇ ਫੈਦੇ ਹਨ ਜੇਹਾ ਕਿ—

(੧) ਪ੍ਰਜਾ ਦੀ ਬ੍ਰਿਧੀ। ੨. ਬਰਖਾ ਦਾ ਹੋਣਾ। ੩. ਬੀਮਾਰੀਦਾ ਦੂਰ ਹੋਣਾ। ੪ਵਾਯੂ ਦੀ ਸ਼ੁਧੀ। ੫. ਵਿਦ੍ਯਾ ਉੱਨਤੀ। ੬. ਨੇਕ ਨਾਮੀ। ੭. ਵਿਜੈਤਾ ਆਦਿਕ।

ਸੂਰਜਪ੍ਰਕਾਸ਼ਵਿਚ ਭਾਈ ਸੰਤੋਖਸਿੰਘਜੀ ਲਿਖਦੇ ਹਨ:—

"ਬੀਚ ਹੁ ਤਾਸਨ ਕੀਨ ਪ੍ਰਕਾਸਨ।
ਪਾਵਤ ਸੰਰਪੀ ਕਰਤ ਉਪਾਸਨ।"

ਧਾਰ ਸ਼੍ਰੋਜ ਬਿਖੇ ਸਰਤਾ ਮਦ
ਪੁਨਾ— ਪਾਵਤ ਪਾਵਕ ਜੋਤ ਅਭੰਗਾ।

ਪੁਨਾ—ਬੈਠਿਯੋ ਨਿਕਟ ਬਿਪਰ ਵਰ ਗੁਰਕੇ।

ਉਚਰੈ ਤਬੈ ਮਨੋਹਰ ਉਰਕੇ ।
ਦਿਜ ਜੀ ਸੇਜ ਲਿਖਾ ਬੈਸਾਰੀ ।
ਹਵਨ ਕਰਨ ਦੀ ਆਹੁਤ ਧਾਰੀ ।
ਕੇਸ਼ੋ ਦਾਸ ਬਿਚਾਰੀ ਤਬੈ ।
ਜਿਤਕ ਪ੍ਰਮਾਨ ਅਹੂਤੀ ਸਬੈ ।
ਤਿਨ ਅਨੁਸਾਰ ਧਰਿਤ ਜਲ ਤਿਲੈ ।
ਤੰਦੁਲ ਮੇਵਾ ਖੰਡ ਸੋ ਮਿਲੈ ।
ਪਿਸਤਾ ਗਰੀ ਬਦਾਮ ਸਪਾਰੀ ।
ਖਾਰਕ ਖੋਪਾ ਦਾਖ ਸੁਧਾਰੀ ।
ਧੂਪ ਧੁਖਾਵਨ ਕੇ ਹਿੰਤ ਘਨੀ ।
ਅਨਿਕ ਸੁਗੰਧੇ ਚੰਦਨ ਸਨੀ ।
ਸੀਸੇ ਭਰੇ ਗੁਲਾਬ ਸਕੇਰੇ ।
ਅਪਰ ਗੰਧ ਘਨਸਾਰ ਘਨੇਰੇ ।

ਅਤੇ ਸ੍ਰੀ ਗੁਰੂ ਜੀ ਨੇ ਗੁਰੂ ਗ੍ਰੰਥ ਸਾਹਿਬ ਵਿਚ ਭੀ ਲਿਖਯਾ ਹੈ ਕਿ:–

"ਤਿਤੁ ਘਿਉ ਹੋਮ ਜਗ ਸਦਾ ਪੂਜਾ ਪਾ-ਇਆ ਕਾਰਜ ਸੋਹੈ ॥"

ਉਪਰੋਕਤ ਪ੍ਰਸ਼ਾਣਾਂ ਤੋਂ ਸਾਫ ਸਿਧ ਹੈ ਕਿ ਸ੍ਰੀ ਗੁਰੂ ਜੀ ਦਾ ਅਵਤਾਰ ਹੀ ਯੱਗ ਹਵਨ ਦੇ ਕਾਇਮ ਰਖਨ ਵਾਸਤੇ ਹੋਯਾ

ਸੀ ਅਤੇ ਆਪਨੇ ਏਸਦੀ ਨਾਂ ਸਿਰਫ ਰੱਖਿਆ ਹੀ ਕੀਤੀ ਸਗੋਂ ਆਪ ਆਦ੍ਰਸ਼ ਰੂਪ ਬਣਾਕੇ ਆਪਨੇ ਸ੍ਰਦਾਲੂ ਸਿਖਾਂ ਨੂੰ ਜਾਚ ਦਸੀ, ਜਿਸ ਸ੍ਰਬੰਧੀ ਸਿਖ ਧ੍ਰਮ ਦੇ ਪੁਸਤਕਾਂ ਵਿਚੋਂ ਅਨੇਕ ਪ੍ਰਮਾਣ ਮਿਲ ਸਕਦੇ ਹਨ, ਜੋ ਵਿਸਥਾਰ ਦੇ ਭੈ ਕਰਕੇ ਨਹੀਂ ਲਿਖੇ ਜਾ ਸਕਦੇ।

ਤਾਂ ਤੇ ਜਿਤਨਾਂ ਚਿਰ ਤਾਂ ਖਾਲਸਾ ਜੀ ਗੁਰੂ ਜੀ ਦੇ ਏਸ ਉਪ੍ਰੋਕਤ ਸਿਧਾਂਤ ਉਪਰ ਚਲਦੇ ਰਹੇ ਉਤਨਾਂ ਚਿਰ ਖਾਲਸਾ ਜੀ ਦੀ ਦਿਨ ਦੂਣੀ ਤੇ ਰਾਤ ਚੌਗਨੀ ਉਨਤੀ ਹੁੰਦੀ ਰਹੀ, ਪਰ ਜਦ ਖਾਲਸਾ ਜੀ ਨੂੰ ਰਾਜ ਭਾਗ ਪ੍ਰਾਪਤ ਹੋਯਾ। ਅਤੇ ਖਾਲਸ਼ਾ ਜੀ ਦਾ ਧਾਰਮਿਕ ਆਗੂ ਕੋਈ ਰਿਹਾ ਨਾਂ ਗੁਰੂ ਜੀ ਦੇ ਪਵਿਤ੍ਰ ਉਦੇਸ਼ "ਧ੍ਰਮ ਚਲਾਵਣ ਸੰਤ ਉਬਾਰਨ" ਦਾ ਅਸੂਲ ਨਾਂ ਕੇਵਲ ਭੁਲ ਹੀ ਬੈਠਾ ਸਗੋਂ ਆਪ ਸੰਤਾਂ ਨੂੰ ਦੁਖ ਦੇਣਾ ਆਰੰਭ ਕੀਤਾ ਖਾਲਸਈ ਫੌਜਾਂ ਨੇ ਭਾਈ ਵੀਰਸਿੰਘ ਜੀ ਨੌਰੰਗਾ ਵਾਦੀਆ ਨੂੰ ਜੋ ਇਕ ਮਹਾਂ ਪੁਰਸ਼ ਭਜਨ ਬਾਣੀ ਕਰਨ ਵਾਲੇ ਪੂਰਨ ਬੀਤਰਾਗ ਸਨ। ਤੋਪਾਂ ਨਾਲ ਭਜਨ ਕਰਦਿਆਂ ਹੋਯਾ ਨੂੰ ਉਡਾਕੇ ਬੜੇ

ਮਾਨ ਨਾਲ ਕਿਹਾ ਵੀਰਸਿੰਘ ਜੇਹੇ ਅਸਾਂ ਮਾਰ ਦਿਤੇ ਨਹੀਂ ਛਡਣਾ ਸਾਧ ਤੇ ਸੰਤ ਮੀਆਂ। ਦੇਖੋ ਸ਼ਾਹਮਹੰਮਦ। ਖਾਲਸਾ ਆਪਨੇ ਧਰਮ ਤੋਂ ਭ੍ਰਿਸ਼ਟ ਹੋ ਗਿਆ ਦੇਸ਼ ਵਿਚ ਸੁਖ ਵਰਤਾਨ ਦੀ ਥਾਂਉ ਦੁਖ ਦਾ ਕਾਰਨ ਬਨ ਬੈਠਾ ਸਾਰੇ ਪੰਜਾਬ ਵਿਚ ਬੁਰਛਿਆਂ ਦਾ ਜ਼ੋਰ ਵਧ ਗਿਆ, ਅਤੇ ਦਿਨ ਦਿਹਾੜੇ ਲੁਟਮਾਰ ਹੋਨ ਲਗ ਪਈ ਸਿਖਾਂਸ਼ਾਹੀ ਵੀ ਨਾਦ੍ਰਸ਼ਾਹੀ ਵਾਂਗ ਬਦਨਾਮ ਹੋ ਗਈ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਤੋਂ ਪਸਚਾਤ ਬਾਬੇ ਬੰਦੇ ਦੇ ਸਮੇਤਕ ਤਾਂ ਖਾਲਸਾ ਜੀ ਆਪਣੇ ਧਾਰਮਿਕ ਅਸੂਲਾਂ ਯਗ ਹਵਨ ਆਦਿ ਨੂੰ ਠੀਕ ਪਾਲਦੇ ਰਹੇ ਜਿਨ੍ਹਾਂ ਦੀ ਬਾਬਤ ਗਯਾਨੀ ਗਯਾਨ ਸਿੰਘ ਜੀ ਐਂਵ ਲਿਖਦੇ ਹਨ:-

ਕਬਿਤ ॥ ਸ੍ਰੀ ਗੁਰੂ ਦਸਮੇਸ਼ੈ ਬੰਦੇ ਪਰੰਤ ਬੇਅੰਤ ਸਿੰਘ ਥੀਏ ਜੋਊ ਸੋਊ ਚਾਲ ਐਸਥੇ ਚਲੇ। ਤਨ ਮਨ ਧਨ ਤਿਨੈਂ ਅਰਪੈਥੇ ਗੁਰੂ ਹਿਤ ਰਾਖਬੇ ਕੋ ਹਿੰਦ ਜਿੰਦ ਦੈਨ ਚਾਹੈਥੇ ਭਲੇ। ਲੋਭਰਾਜ ਸਾਜਕਾ ਬਿਆਪਿਓ ਦਰਾਜ

ਤਿਨੈਂ ਸਮਰੈਂ ਪੈ ਕਮਰੈਂ ਕਸੀਥੀ ਅਮਰੈਵਲੇ । ਜਤ, ਸਤ, ਤਪ, ਜਪ, ਤੋਖਧਾਰੀ, ਉਪ-ਕਾਰੀ, ਪਾਰੀ, ਗੁਰੂਸਿਖੀ, ਵਾਰੀ ਭਾਰੀ ਸਹਿ ਕੈਕਲੇ ॥ ੧੩ ॥

ਪੰਰਤੀਆ ਮਾਤਧੀਆ ਭਗਨੀ ਲਖੀਆ ਕਰੈਥੀਆ ਬਿਤਹੇਰ ਕੀਆਹੀਆ ਨਾਂ ਚੁਰਾ-ਨੈਤੇ । ਪਾਰਤੈ ਪ੍ਰਨ ਸੁਨਾਗਤੈ ਸਿਦੀਵ ਦਿਢ ਹਰਨ ਅਰਨ ਵਿਗ ਮਰਨ ਪਛਾਨੇਥੇ । ਰਾਖਤੇ ਭ੍ਰੋਸਾ ਪੂਰਾ ਗੁਰੂ ਕਰਤਾਰ ਪਰ ਨਿਜ ਕਰਨੀ ਕੋ ਨੀਕੋ ਨਾਂ ਹੰਕਾਰ ਨਾਨੇਥੇ । ਨਾਮ ਕੇ ਜੱਪਯਾ ਦੇਗ ਤੇਗ ਕੇ ਚੱਲਯਾਂ ਹਰ ਗਯਾਨ ਦਾਨ ਦੱਯਾਸਿੰਘ ਛਾਨੇ ਨਾਂ ਮਰਾਨੇਥੇ ॥ ੧੪ ॥

ਬਸਤ੍ਰ ਥੋਰ ਭੂਰ ਸਸਤ੍ਰਧਾਰੀ ਸੂਰ ਬਖਤ੍ਰ ਅੰਗ ਜੰਗ ਵਖਤ ੜ ਧਾਰਤੇ । ਸੂਦੇ ਦਾੜ੍ਹੇ ਮੁਛ ਅੱਛ ਦਸਤਾਰੇ ਮ੍ਰਿਤ ਸੁੱਛ ਕਟ ਪ੍ਰਤੱਛ ਕੱਛ ਪੱਟ ਦਿਢ ਧਾਰਤੇ । ਅੰਗ ਰਖੀ ਗਰ ਭੂਰੇ ਗਲਤੀ ਕਮਰ ਕਸੈ ਨਾਦਰੈ ਮਰਗੇਸ਼ ਖਸ ਚਾਦ੍ਰੈਂ ਕੀ ਧਾਰਤੇ । ਅੰਬਰੀ ਪਿਕੰਬਰੀ ਅਜੀਵਾਜਾ ਰਖਤ ਓਢ ਕੰਬਰੀ ਸੇਪੰਬਰੀ ਕੀ ਛਬ ਛੀਨ ਡਾਰਤੇ ॥ ੧੫ ॥

ਕੀਰਤਨ ਕਥਾ ਪਾਠ ਗੁਰੂ ਗ੍ਰੰਥ ਜੀ ਕੇ ਥਾਟ ਜੋੜ ਮੇਲ ਠਾਟ ਗ੍ਰਾਠ ਕਾਟ ਮੇਲ ਠਾਨੀਤੇ। ਹੋਮ ਯੱਗ ਕਰਵਾਤੇ ਪ੍ਰਸਾਦ ਬਟਵਾਤੇ ਰੌਣਕਰ ਖਾਤੇ ਗਾਤੇ ਸਬਦ ਜੁਬਾਨੀਥੇ। ਦੇਤੇ ਜੋ ਕਿਸਾਨ ਆਨ ਲੇਤੇ ਸਿੰਘ ਮੋਦਮਾਨ ਬੇਤੇ ਬ੍ਰਹ ਗਜ਼ਾਨ ਤੈ ਉਪਾਸਕ ਮਹਾਨੀਥੇ। ਦਾਨੀ ਥੇ ਇਮਾਨੀ ਥੇ ਗੁਮਾਨੀ ਬੀਰ ਮਾਨੀ ਥੇ ਸੁਦੇਵਗਨ ਸਾਨੀ ਥੇ ਬਦੇਹੀ ਸਮਗਜ਼ਾਨੀ ਥੇ।

ਦੇਖੋ ਪੰਥ ਪ੍ਰਕਾਸ਼ ਐਡੀਸਨ ਪਹਿਲੀ ਪੰਨਾ ੯੧੭ ਅਧਿਆਇ ੭੨ ॥

ਉਪ੍ਰੋਕਤ ਲਿਖੇ ਨੂੰ ਪੜ੍ਹਕੇ ਪਤਾ ਲਗ ਸਕਦਾ ਹੈ ਕਿ ਪੁਰਾਣੇ ਸਿੰਘ ਕਿਤਨੇ ਪਵਿਤ੍ਰ ਅਤੇ ਸ਼ੁਧ ਅਚਾਰ ਵਾਲੇ ਭਜਨੀਕ ਗਜ਼ਾਨੀ ਯੱਗ ਹੋਮ ਕਰਨ ਦੇ ਪਜਾਰੇ ਸਨ, ਪਰ ਜਦੋਂ ਅਜੇਹੇ ਮਹਾਂ ਪੁਰਸ਼ ਏਸ ਅਸਾਰ ਸੰਸਾਰ ਤੋਂ ਚਲਦੇ ਹੋਏ ਅਤੇ ਖਾਲਸਾ ਬਾਰਾਂ ਮਿਸਲਾਂ ਵਿਚ ਵੰਡਿਆ ਗਿਆ ਪਰਸਪਰ ਪ੍ਰੇਮ (ਇਤਫਾਕ) ਖੰਭ ਲਾਕੇ ਉਡਗਏ, ਗੁਰੂ

ਸਿਖੀਦੀ ਰੀਤ ਭੁਲ ਬੈਠੇ, ਚੱਪਾ ੨ ਜ਼ਮੀਨ ਤੇ ਲਹੂ ਡੋਲਕੇ ਪ੍ਰਾਪਤ ਕੀਤੀ ਹੋਈ ਖਾਲਸਾ ਸਲਤਨਤ ਆਪਸ ਦੀ ਫੁਟ ਦੇ ਕਾਰਨ ਤਬਾਹ ਕਰ ਬੈਠੇ ਸਿਖਰਾਜ ਸਮਾਪਤ ਹੋ ਗਿਆ। ਬਿਦੇਸ਼ੀ ਗਵਰਨਮੈਂਟ ਨੇ ਆ ਡੇਰੇ ਗਡੇ, ਗਜਾਨੀ ਗਜਾਨ ਸਿੰਘ ਜੀ ਓਸ ਸਮੇ ਦੀ ਸਿਖੀ ਦਾ ਫੋਟੋ ਇਸਤਰਾਂ ਖਿਚਦੇ ਹਨ :—

ਕਬਿੱਤ॥ ਔਰੇਂ ਰੀਤ ਔਰੇਂ ਮੀਤ ਔਰੇ ਪ੍ਰਤੀਤ, ਪ੍ਰੀਤ ਖਾਨ ਪਹਿਰਾਨ ਗਜਾਨਮਾਨ ਔਰੈਂ ਜਨ ਕੈ। ਡਾਰੇ ਦਸਤਾਰੇ ਸਾਫੇ ਭਾਰੇ ਹੈਂ ਸੰਭਾਰੇ ਆੱਛੇਂ ਕੱਛੈਂ ਤਜਗਏ ਧੋਤੀ ਸੁਥੂ ਤੰਗ ਤਨਕੈ। ਧਾਰੇ ਹੈਂ ਗਰਾਰੇ ਤੰਬੇ ਹਮਤ ਅਧਿਕ ਲੰਬੇ ਜਨੈਂ ਦੇਖ ਸਿਖੀ ਗਊ ਕੰਬੈ ਤੁਰਕ ਗਨਕੈ। ਸਿਖੀ ਦਸਮੇਸ਼ ਕੀ ਸੁਕੀ ਅਪਰ ਦੇਸ ਕੀ ਅਸਿਖੀ ਪਰੀ ਪੇਸ਼ਗੀ ਛਿਨਾਰ ਬਨ ਠਨਕੈ॥

ਏਕੀ ਬਾਰ ਪਾਰੈਂ ਓਚੇਂ ਨਾਕ ਨੋਚੈਂ ਮੋਚਨੇ ਲੈ ਕੋਈ ਖੋਚੈਂ ਲਤਨ ਕੋ ਸੋਚੈ ਨਾਂ ਲਿਖਾਇ ਹੈ। ਕੋਊ ਦਾੜ੍ਹੇ ਹੀ ਉਖਾਰੈ

ਮੂਛੈਂ ਪਾੜੈ ਝਾੜਨ ਜਿਉਂ ਪੂਛੈਂ ਸੇਤ ਛਾੜੈ ਕੋਊ ਸਾੜੈ ਦਵਾ ਲਾਇਹੈਂ । ਬਗਲੇਂ ਉਪਾਰੈਂ ਕੋਊ ਭੌਹੇਂ ਸੌਹੇਂ ਕੀ ਉਖਾਰੈਂ ਨਾਸਿਕਾ ਕੋ ਫਾਰੈਂ ਹਾਥ ਮਾਥ ਪੈਚਲਾਇ ਹੈ। ਸਿਖਨ ਕੇ ਪੂਤ ਮਜਬੂਤ ਸਿੰਘ ਨਾਮਵਾਰੇ ਹਾਇ ਵੇ ਕਸਾਈ ਰਹੇ ਸਿਖੀ ਗਊ ਘਾਇ ਹੈ ॥

ਯਥਾਃ—"ਨਿਜ ਤਿਯ ਤਜ ਕੁਲਟਾ ਬਿਭਚਾਰਨ ਮੁੰਡਿਓ ਸੰਗ ਰਮੈ ਹੈਂ ਜੇ। ਤਿਨ ਕੇ ਸੰਗੀ ਨਾਦ ਫਿਰੰਗੀ ਬਹੁਤ ਨਮ੍ਰਦ ਥਵੇਂ ਹੈਂ ਜੇ ॥ ।ਸੰਘ ਸੁਨਹਰੀ ਕਬਜੇ ਵਾਰੇ। ਤਿਨੈ ਮਸਖਰੀ ਲੋਗ ਕਰੈ। ਸਰਮਹਿਆਉ ਸੁਕਰਮ ਸਰਮ ਤਜ ਪੈ ਕੁਕਰਮ ਮੈ ਸੋਊ ਪਰੈ ॥" ਦੇਖੋ ਪੰਥਪ੍ਰਕਾਸ਼ ਐਡੀਸ਼ਨਪਹਿਲੀ ਅਧਜਾਯ ੭੨ ਪੰਨਾ ੯੧੭ ਤੋਂ ੯੪੮ ਤਕ।

ਜਦੋਂ ਸਿਖ ਪੰਥ ਦੀ ਏਹ ਹਾਲਤਹੋਗਈ ਅਤੇ ਬੇਸੁਮਾਰ ਪਾਪ ਅਤੇ ਉਪਦ੍ਰਵ ਹੋਣ ਲਗ ਪਏ ਅਤੇ ਸਿਖ ਫੁਲਵਾੜੀ ਨਾਂ ਕੇਵਲ ਮੁਰਝਾਹੀ ਗਈ ਸਗੋਂ ਮਨਮਤ ਰੂਪ ਖਿਜ਼ਾਂ ਨੇ ਤਬਾਹ ਕਰ ਛਡੀ ਗੁਰੂਗੰਥ ਸਾਹਿਬਜੀ

ਅਲਮਾਰੀ ਵਿਚ ਪਿਆਂਨੂੰ ਉਲੀ ਲਗਗਈ ਗੁਰਬਾਨੀ ਪੜ੍ਹਨੀ ਲੋਕ ਉਕਾਹੀ ਛਰ ਬੈਠੇ ਏਸ ਸਮੇਂ ਨੂੰ ਇਕ ਕਵੀ ਨੇ ਇਸਤਰਾਂ ਵਰਨਣ ਕੀਤਾ ਹੈਃ—

"ਗੁਰੂ ਦਸਮੇਸ ਜੀ ਦੇ ਪਿਛੋਂ ਜਦ ਖਾਲਸੇ ਨੇ ਛਡ ਦਿਤਾ ਰਾਹ ਤੇ ਕੁਰਾਹ ਆਨ ਮਲਿਆ। ਬੁਰਛਿਆ ਨੇ ਲੁਟ ਮਾਰ ਦੇਸ਼ ਵਿਚ ਖੂਬ ਕੀਤੀ ਨਿਰਬਲਾਂ ਨਿਰਦੋਸ਼ਿਆਂ ਗ੍ਰੀਬਾਂ ਨੂੰ ਦਬਲਿਆ। ਅਤ ਦਾ ਤੇ ਰੱਬ ਦਾ ਹੈ ਵੈਰ ਮਸ਼ਹੂਰ ਧੁਰੋਂ ਵਾਹਿਗਰੂ ਨੇ ਏਨਾ ਦਾ ਭੀ ਤਖਤਾ ਉਥਲਿਆ। ਫੇਰ ਕਲਯੁਗ ਵਿਚ ਸਤਿਜੁਗ ਲਾਨ ਲਈ ਓਸੇ ਜੋਤ ਨਿਜ ਰੂਪ **ਰਾਮ ਸਿੰਘ** ਘਲਿਆ।

ਸਿਖ ਰਾਜ ਦਾ ਅੰਤ ਹੋਆ ਅਤੇ ਫੇਰ ਅਕਾਲ ਪੁਰਖ ਨੇ ਗਊ ਗ੍ਰੀਬ ਦੀ ਪੁਕਾਰ ਸੁਣਕੇ ਸਤਿ ਗੁਰੂ ਰਾਮ ਸਿੰਘ ਜੀ ਨੂੰ ਭਾਰਤ ਦੇ ਦੁਖ ਦੂਰ ਕਰਨ ਲਈ ਭੇਜਿਆ ਸੰਮਤ ੧੭੭੩ ਬਿਕ੍ਰਮੀ ਤਿਥ ਮਾਘ ਸੁਧੀ ਪੰਚਮੀ ਵਾਲੀ ਰਾਤ ਦਿਨ ਵੀਰਵਾਰ ਅੰਮ੍ਰਿਤ ਵੇਲੇ

ਭੈਣੀ ਨਾਮੀ ਪਿੰਡ ਵਿਚ ਅਵਤਾਰ ਲੈਕੇ ਮੁੜ
ਗੁਰ ਸਿਖ ਫੁਲਵਾੜੀ ਨੂੰ ਸੁਰਜੀਤ ਕੀਤਾ
ਅਸਲੀ ਬਾਬਤ "ਬੀਰਅਖ਼ਬਾਰ" ੧੩ ਅਪ੍ਰੈਲ
੧੯੧੪ ਦੇ ਵਿਸਾਖੀ ਦੇ ਖਾਲਸਾ ਨਬ੍ਰ ਵਿਚ
ਏਸ ਤਰ੍ਹਾਂ ਲਿਖਦਾ ਹੈ ਜਿਸਦਾ ਸਿਰ ਲੇਖ ਹੈ

"ਸ੍ਰੀਮਾਨ ਬਾਬਾ ਰਾਮ ਸਿੰਘ ਜੀ" ਏਨਾਂ
ਨੇ ਗੁਰਮਤ ਦਾ ਪ੍ਰਚਾਰ ਓਦੋਂ ਕੀਤਾ ਜਦਿ
ਖਾਲਸਾ ਮਿਲਗੋਬਾ ਹੋਕੇ ਗੁਰਮਤ ਤੋਂ
ਅਗਿਆਤ ਹੋ ਚੁਕਾ ਸੀ ਏਨਾਂ ਨੇ ਜਾਤ ਪਾਤ
ਦੇ ਭੂਤਾਂ ਨੂੰ ਓਦੋਂ ਉਡਾਯਾ ਜਦ ਖਾਲਸਾ
ਫਿਰ ਅਨਮਤੀ ਬ੍ਰਾਦ੍ਰੀ ਵਿਚ ਹਜਮ ਹੋ ਚੁਕਾ
ਸੀ ਏਨਾਂ ਨੇ ਓਦੋਂ ਜਾਤ ਪਾਤ ਦੇ ਬੰਦਨ
ਤੁੜਾਕੇ ਅਨੰਦ ਕਰਾਏ ਜਦ ਖਾਲਸੇ ਦੇ
ਦਿਲ ਵਿਚ ਫਿਰ ਉਚ ਤੇ ਨੀਚਤਾਈ ਨੇਆਂ
ਡੇਰਾ ਜਮਾਯਾ ਸੀ ਏਨਾਂ ਨੇ ਨੀਚਾਂ ਤੋਂ ਨੀਚ
ਪ੍ਰਾਣੀਆਂ ਨੂੰ ਓਦੋਂ ਫਰਤੇ ਇਠਾਕੇ ਅਪਣੇ
ਵਰਗੇ ਨਾਮਧਾਰੀਏ ਬਨਾਯਾ ਸੀ ਜਦੋਂ
ਲੋਕੀ ਜਾਤੀ ਅਭਿਮਾਨ ਵਿਚ ਸੜ ਰਹੇ ਸਨ
ਆਦਿ, ਗਿਯਾਨ ਸਿੰਘ ਜੀ ਗਿਆਨੀ ਇਸ ਪ੍ਰਕਾਰ
ਵਰਨਨ ਕਰਦੇ ਹੈ ਏਨਾਂ ਦੇ ਛੁਡਵਾਏ ਦੇਖਵਾਏ

ਕੇਸ ਮੋਨਯੋ ਕੇ ਸੁਧਾ ਛਕਬਾਏ ਸਿਖ ਭਾਗ
ਜਿਨੈ ਜਾਗਿਓ। ਫੈਲਿਯੋ ਜਸ ਭਾਰੀ ਸਿਖ
ਥੀਏ ਤਾਹਿਕੇ ਅਪਾਰੀ ਸਿੰਘ ਪੰਥ ਬਿਰਧਾਯੋ
ਕਾਮਰਸ ਪਾਗਿ।ਫੀਮ ਭੰਗ ਪੋਸਤਸਰਾਬਮਾਸ
ਚੋਰੀਜਾਰੀ ਠੱਗੀ ਤਜਬੀਏਸੰਤ **ਸਤਿਗੁਰ**
ਆਗਿਓ। ਆਪਨੇਧਰਮ ਪ੍ਰਚਾਰਸ਼ੁਰੂ ਕੀਤਾ
ਸ੍ਰੀ ਗੁਰੂ ਦਸਮੇਸ ਜੀ ਦੀ ਅਲੋਪ ਹੋਚੁਕੀ
ਮ੍ਰਯਾਦਾ ਨੂੰ ਨਾਮ ਰੂਪ ਜਲ ਦੇਕੇ ਪੁਨਰਸ਼ਿਰ
ਜੀਤ ਕੀਤਾ ਐਸਾ ਨਾਮ ਤੇ ਬਾਨੀ ਦਾ
ਪ੍ਰਵਾਹ ਚਲਾਯਾਅਠੇ ਪਹਿਰ ਭਜਨ ਬਾਨੀ
ਤੋ ਬਿਨਾ ਹੋਰ ਕਈ ਗਲ ਕੋਨੀ ਨਹੀਸੀ
ਪੈਂਦੀ ਆਪ ਪਿੰਡਾ ਵਿਚ ਜਾਦੇ ਅਤੇ ਧਰਮ
ਸਾਲ ਜਾਕੇ ਆਪਣੀ ਹਥੀਂ ਝਾੜੂ ਦੇਣਾ
ਪੋਚਾ ਫੇਰਨਾ ਗੁਰੂ ਗ੍ਰੰਥ ਸਾਹਿਬ ਦੇ ਰੁਮਾਲ
ਮੰਜੀ ਸਾਫ ਕਰਨੇ ਗ੍ਰੰਥ ਸਾਹਿਬ ਤੋਘਟਾਝਾੜ
ਪ੍ਰਕਾਸ਼ਤ ਕਰਕੇ ਪਿੰਡ ਦੇ ਲੋਕਾਂ ਨੂੰ ਕਠੇ
ਕਰਕੇ ਆਖਣਾ ਪਯਾਰਿਓ ਕਿਉ ਪ੍ਰਮਾਤਮਾ
ਤੋ ਬੇਮੁਖ ਹੋਕੇ ਅਪਣੇ ਇਸ਼ਟ ਨੂੰ ਛਡੀ ਬੈਠੇ
ਹੋਂ ਸ੍ਰੀ ਗੁਰੂ ਅਰਜਨ ਜੀਨੇ ਆਪਣੀ ਅਪਾਰ

ਕ੍ਰਿਪਾਦੁਆਰਾਗੁਰੁਬਾਨੀਦਾ ਸੁਮੰਦਰਰਚਿਆਂ ਹੈ ਅਤੇ ਏਧ ਵਿਚ ਥਾਂ ਥਾਂ ਭਜਨਦੀਮੈਹਿਮਾ ਲਿਖੀ ਹੋਈ ਹੈ ਆਓ ਭਜਨ ਪੜ੍ਹਕੇ ਆਪਣਾ ਜਨਮ ਸਫਲਾ ਕਰੋ ਆਪਦੇ ਉਪਦੇਸ਼ ਅਤੇ ਦ੍ਰਸ਼ਨ ਵਿਸ ਕੋਈ ਅਜੇਹੀ ਸਕਤੀ ਸੀ ਕਿ ਜੇਹੜਾ ਪਾਮਰ ਤੋਂ ਪਾਮਰ ਪੁਰਸ ਇਕ ਵਾਰੀ ਆਪ ਦੇ ਸਨਮੁਖ ਆਜਾਦਾ ਭਜਨ ਪੜ੍ਹੇ ਬਿਨਾ ਨਹੀ ਸੀ ਰਹਿਸ਼ਕਦਾ ਪਿੰਡਾ ਦੇ ਪਿੰਡ ਸਿੰਘ ਸਜਗਏ ਜਿਥੇ ਕੋਈ ਗੁਰੁਬਾਨੀ ਨੂੰ ਜਾਨਦਾ ਨਹੀ ਸੀ ਓਥੇ ਦਿਨੇ ਰਾਤ ਗੁਰੁਬਾਨੀ ਦੀ ਧੁਨੀ ਹੋਣ ਲਗ ਪਈ ਸੀ ਮੇਰਾ ਏਹ ਵਿਸ-ਵ੍ਹਾਸ ਹੈ ਕਿ ਗਰੂ ਗੋਬਿੰਦ ਸਿੰਘ ਜੀ ਤੇ ਪਿਛੋਂ ਜੇਹੜਾ ਹਾਲ ਸਿੰਘ ਧਰਮ ਦਾ ਹੋਯਾ ਸ਼ੀ ਜਿਸ਼ਨੂੰ ਉਤੇ ਚੰਗੀਤਰਾਂ ਦਖਾ ਦਿਤ ਹੈ ਜੇ ਸਤਿਗੁਰੂ ਰਾਮ ਸਿੰਘ ਜੀ ਆਕੇ ਮੁੜ ਏਸਦੀ ਬਾਹ ਨਾਂ ਫੜਦੇ ਤਾਂ ਅਜ ਨੂੰ ਸਾਰਾ ਭਾਰਤ ਵਰਸ ਈਸਾਈ ਹੋਯਾ ੨ ਨਜਰ ਔਦਾ ਆਂਪਦਾ ਜਸਸੁਣ ਦੂਰੋਂ ਦੂਰੋਂ ਸੰਗਤਾਂ ਦ੍ਰਸਨ ਲਈ ਔਣਲਗੀਆਂ ਥੋੜੇ ਚਿਰ ਵਿਚ ਹੀ ੭-੮ ਲਖ ਨਾਮਧਾਰੀ ਸਜ ਗਏ ਆਪ ਜੀ

ਦੀ ਰਹਿਤ ਬੜੀ ਕਠਿਨ ਹੈ ਆਪਨੇ ਖਾਲਸਾ ਜੀ ਵਾਸਤੇ ਇਕ ਅਜੇਹਾ ਕਾਰਯਕਰਮ (ਪ੍ਰੋਗਰਾਮ) ਬਨਾਇਆ ਸੀ ਜਿਸ ਵਿਚ ਦਿਨ ਅਤੇ ਰਾਤ ਦਾ ਬਹੁਤ ਸਾਰਾ ਹਿਸਾ ਈਸਰ ਦੀ ਉਪਾਸਨਾਂ ਵਿਚਹੀ ਬਤੀਤ ਹੋਵੇ ਆਪਨੇ ਇਕ ਹੁਕਮ (ਰਹਿਤ ਨਾਮਾ)ਸ੍ਰੀਭੈਣੀ ਸਾਹਿਬ ਤੋਂ ਭੇਜਿਆ ਸੀ ਜਿਸ ਵਿਚ ਨਿਮਨ ਲਿਖਤ ਹੁਕਮ ਦਿਤਾ ਹੈ ਪੈਹਰ ਰਾਤ ਰਹਿੰਦੀ ਤੇ ਉਠਨਾਜੰਗਲ ਜਾਨੇ ਸਮੇ ਜਲਦਾ ਗੜਵਾ ਨਾਲ ਲਜਾਨਾ ਦੋਵਾਰੀਮਾ ਜਨਾ ਸ਼ੁਧ ਅਤੇ ਪਵਿਤ੍ਰ ਅਸਥਾਨ ਤੋਂ ਮਿਟੀ ਲੈਕੇ ਪੰਜਵਾਰੀ ਅਰਕਾ ਤਾਈ ਹਥ ਮਾਂਜਨੇ ਅਤੇ ਪੈਰਭੀ ਮਿਟੀ ਨਾਲ ਮਾਂਜਨੇ ਦਾਤਨ ਕਰਨੀ ਫੇਰ ਅਸ਼ਨਾਨ ਕਰਨਾ ਫਨੇ ਕੇਸ਼ੀਂ ਬਾਣੀ ਪੜ੍ਹਨੀ, ਜੇ ਕੰਠ ਨਾਂ ਹੋਵੇ ਤਾਂ ਕੰਠ ਕਰਨੀ।

ਜਪੁ, ਜਾਪਜੀ, ਦੋਹਾਂ ਦੇਹਜਾਰੇ, ਰਹਿਰਾਸ, ਆਰਤੀ, ਸੋਹਲਾ, ਏਤਨੀ, ਬਾਣੀ ਜਰੂਰ ਕੰਠ ਕਰਨੀ ਅਸ਼ਨਾਨ ਕਰੇ ਤੋਂ ਬਿਨਾਂ ਪ੍ਰਸਾਦ ਨਹੀਂ ਛਕਣਾ। ਪ੍ਰਾਈ ਧੀ ਭੈਣ ਆਪਣੀ ਜਾਨਣੀ ਪ੍ਰਾਇਆ ਹਕ ਸੂਰ ਅਤੇ ਗਊ ਤੁਲ

ਸਮਝਣਾ, ਧੀ ਭੈਣ ਦਾ ਪੈਸਾ ਨਹੀਂ ਲੈਣਾ, ਬਟਾ ਨਹੀਂ ਕਰਨਾ, ਮਾਸ ਸ਼ਰਾਬ ਨਹੀਂ ਛਕਣਾ, ਬਲਦ ਖਸੀ ਨਹੀਂ ਕਰਨਾ, ਬੋਲ ਕਬੋਲ ਸਭਦਾ ਸੈਹ ਜਾਣਾ, ਪੰਦ੍ਹਾਂ ਸੋਲ੍ਹਾਂ ਬ੍ਰਸਾਂ ਤੇ ਘਟ ਕੁੜੀ ਦਾ ਵਿਵਾਹ ਨਹੀਂ ਕਰਨਾਂ, ਅਠੇ ਪਹਿਰ ਭਜਨ ਕਰਨਾਂ।

ਜਪੁ ਜਾਪ, ਹਜ਼ਾਰੇ, ਰਹਿਰਾਸ, ਸੁਖਮਨੀ ਆਸਾਦੀ ਵਾਰ, ਕੀਰਤਨ ਸੋਹਲਾ, ਅਕਾਲ ਉਸਤਤ, ਉਗ੍ਰ ਦੰਤੀ, ਚੰਡੀ ਦੀ ਵਾਰ ਦਾ ਪਾਠ ਸੂਰਜ ਚੜ੍ਹਨ ਤੋਂ ਪਹਿਲਾਂ ਆਰੰਭ ਕਰਨਾਂ ਅਤੇ ਸੂਰਜ ਦੀ ਟਿੱਕੀ ਨਾਲ ਭੋਗ ਪਾ ਦੇਣਾ ਆਰੰਭ ਅਤੇ ਸਮਾਪਤੀ ਸਮੇਂ ਅਰਦਾਸ ਕਰਨੀ:-

ਹੇ ਸ਼ਕਤੀ ਮਾਤਾ ਮੇਰੇ ਅੰਦਰ ਜੋ ਆਸੁਰੀ ਸੰਪਤਾ ਦੇ ਗੁਣ ਹਨ ਏਹਨਾਂ ਦਾ ਨਾਸ਼ ਕਰੀਂ ਅਤਿ ਖੋਟੇ ਸੁਭਾਵ ਵਾਲੇ ਜੋ ਜੀਵ ਹਨ, ਏਨਾਂ ਨੂੰ ਸਮੱਤ ਬਖਸ਼ੀਂ। ਹੇ ਜਗਦੰਬ! ਮਹਾਂ ਮਲੇਛ ਦਾ ਨਾਸ ਕਰੀਂ ਗਊ ਗ਼੍ਰੀਬ ਦੀ ਰਖਿਆ ਕਰੀਂ, ਆਪਣੇ ਸੰਤ ਖ਼ਾਲਸੇ ਦਾ ਪ੍ਰਕਾਸ਼ ਕਰੀਂ, ਇਤਆਦਿਕ ਬੇਨਤੀ ਕਰਨੀ। ਹੋਰ

ਪਾਠ ਭਾਵੇਂ ਅਗੇ ਪਿਛੇ ਹੋ ਜਾਇ ਪਰ ਚੰਡੀ
ਦੀ ਵਾਰ ਦਾ ਸੂਰਜ ਦੀ ਟਿੱਕੀ ਨਾਲ ਭੋਗ
ਪਾ ਦੇਣਾ। ਅਤੇ ਹਰ ਸਮੇਂ ਗੁਰੂ ਜੀ ਤੋਂ ਏਹ
ਮੰਗਮੰਗਣੀ,ਕਦੇ ਬੋਲਕੇ ਕਦੇ ਅੰਦ੍ਰ ਹੀਕਿਹੇ
ਗੁਰੂ ਜੀ ਅਸੀਂ ਅਪਰਾਧੀ ਪਾਪੀ ਜੀ ਊਹਾਂ
ਤੇਰਾ ਪਤਿਤ ਪਾਵਨ ਬਿਰਦ ਸੁਣਕੇ ਤੇਰੇ ਬੂਹੇ
ਆਇ ਡਿਗੇ ਹਾਂ, ਸਾਨੂੰ ਆਪਣੀ ਕ੍ਰਿਪਾ ਕਰਕੇ
ਗੁਰਮਤ ਦਾ ਖੈਰ ਪਾਉ, ਅਰ ਮਨੁਖਾਂ ਦਾ
ਮੇਲਾ ਜਿਥੇ ਹੋਵੇ ਤਾਂ ਗੁਰਮੁਖਾਂ ਦਾ ਮੇਲਾ
ਹੋਵੇ, ਮਨਮੁਖਾਂ ਦੀ ਸੰਗਤ ਤੇ ਰਖ ਲਈਂ।
ਮਹਾਰਾਜ ਜਿਥੇ ਮੇਰਾ ਜੀਉ ਜਾਵੇ ਤਿਥੇ
ਰਖਜਾ ਕਰੀਂ, ਅਰ ਹੇ ਗੁਰੂ ਮਹਾਰਾਜ ਜੋ ਤੈ
ਗੁਰੂ ਰੂਪ ਧਾਰਕੇ ਹੁਕਮ ਦਿਤਾ ਹੈ। ਗ੍ਰੰਥ
ਸਾਹਿਬ ਮੈਂ ਸ਼ੋ ਆਪਣਾ ਹੁਕਮ ਸਦਾ ਲਈ
ਮਨਾਈਂ. ਆਪਣੇ ਹੁਕਮ ਤੇ ਪ੍ਰਤੀਤ ਦਾ ਦਾਨ
ਦੇਈਂ ਦੂਜੇ ਭਾਇ ਤੋਂ ਰਖ ਲਈਂ, ਤੇਰਿਆਂ
ਚਰਨਾਂ ਤੇ ਬਿਨਾਂਮੇਰੀਦੂਜੇਥਾਂਕਦੇਪ੍ਰੀਤਨਾਂ ਹੋਵੇ
ਹੇ ਮਹਾਰਾਜ ਸਾਸਰ ਤੇਰਾ ਨਾਮ ਚਿਤ ਆਵੇ
ਨਾਂ ਕਦੇ ਦੁਖ ਵਿਚ ਵਿਸਰੀ ਨਾ ਸੁਖ ਵਿਚ
ਵਿਸਰੀ ਸਦਾ ਈ ਮੇਰੇ ਹਿਰਦੇ ਵਸੀ ਬਿਨਾ

ਤੇਰੇ ਨਾਮ ਤੋ ਕਿਸ ਪਦਾਰਥ ਦੀ ਭੁਖ ਨਾ ਰਹੇ ਆਪਦੇ ਦਿਤੇ ਉਤੇ ਸੰਤੋਖ ਦਾਨ ਬਖਸ਼ੀ ਏਹ ਮੰਗ ਮੰਗਣੀ ਸਾਰੇ ਕਾਰਜ ਰਾਸ ਹੋਣਗੇ ਚੰਡੀਦੀਵਾਰ ਜਰੂਰ ਪੜਨੀ ਬੜਾ ਮਹਾਤਮ ਲਿਖ਼ਾਹੈ,ਗੁਰੂਜੀਨੇ ਜੰਗਲਹੋਣ ਤੋਂ ਪਹਿਲ ਟੋਆ ਪਟ ਲੈਣਾ ਜੰਗਲ ਹੋਕੇ ਮਿਟੀ ਪਾ ਦੇਣੀ ਸਤਿਗੁਰਾਂ ਦਾ ਹੁਕਮ ਹੈ ਜੰਗਲ ਵਲ ਦੇਖਣਾ ਨਹੀ ਮਤ ਮਾਰੀ ਜਾਂਦੀ ਹੈ ਰਹਿਤ ਮਰਯਾਦਾ ਸਭ ਨੇ ਰਖਣੀ । ਗੁਰੂ ਗੋਬਿੰਦ ਸਿੰਘ ਜੀ ਦਾ ਆਦੇਸ਼ ਉਪ੍ਰ ਭਲੀ ਪ੍ਰਕਾਰ ਲਿਖ ਆਏ ਹਾਂ ਓਸੇ ਦੀ ਪੂਰਤੀ ਗੁਰੂ ਜੀ ਨੇਕੀਤੀ ਜੈਸਾ ਕਿ "ਜਾਕੀ ਰਹਿਤ ਨਾਂ ਜਾਣੀਐ ਗੁਰ ਮੰਤ੍ਰ ਨਹੀ ਰੀਤ। ਤਾਕਾ ਭੋਜਨ ਖਾਇਕੈ ਵਿਸਰੈ ਹਰ ਕੀ ਪ੍ਰੀਤ।" ਪੁਨਹ—

"ਜਹਾਂ ਕਹਾਂ ਖਾਵੈ ਪ੍ਰਸਾਦਿ।
ਸਿਖ ਨਹੀਮੇਰਾ ਆਦਿ ਜੁਗਾਦਿ।"

ਇਨ੍ਹਾਂ ਵਾਕਾਂ ਤੋਂ ਭਲੀ ਪ੍ਰਕਾਰ ਵਿਦਤ ਹੈ ਕਿ ਦਸਮੇਸ਼ ਜੀ ਰਹਿਤ ਮ੍ਰਯਾਦਾ ਦੇ ਕਿਤਨੇ ਕਿ ਹਾਮੀ ਸਨ ਤਾਂ ਤੇ ਅਸੀ ਜਿਤਨੀ

ਵੀ ਇਜਤ ਚੀਨੀ ਵਾਲੇ ਪਾਤਸਾਹਦੀ ਕਰੀਏ ਥੋੜੀ ਹੈ ਜਿੰਨਾਂ ਨੇ ਸਾਨੂ ਗੁਰਬਾਨੀ ਦਾ ਦਾਨ ਬਖਸਿਆ ਅਲੋਪ ਹੋਈ ਹੋਈ ਸਿਖ ਮ੍ਰਯਾਦਾ ਮੁੜ ਇਸਥਿਤਿ ਕੀਤੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਕਰਾਂਯਾ ਨਹੀ ਤੇ ਅਜ ਨੂੰ ਗੁਰੂ ਗ੍ਰੰਥ ਤੇ ਖਾਲਸਾ ਪੰਥਦਾਨਾਉ ਇਤਹਾਸ ਦੇ ਸਫਿਆਂ ਉਤੇ ਹੀ ਲਿਖਯਾ ਰਹਿ ਜਾਂਦਾ।

ਅੰਤਨੂੰ ਫੇਰ ਸਾਧ ਸੰਗਤ ਦੇ ਚਰਨਾਂ ਵਿਚ ਬੇਨਤੀ ਹੈ ਕਿ ਸਤਿਗੁਰੂ ਰਾਮਸਿੰਘਜੀ ਜੀ ਦੀ ਮਰਯਾਦਾ ਨੂੰ ਕਲਮ ਬੰਦ ਕਰਨਾ ਕੋਈ ਸੁਖੈਨ ਹੀ ਨਹੀਂ ਏਸ ਵਿਚ ਬਹੁਤ ਸਾਰੀਆਂ ਤ੍ਰੁਟੀਆਂ ਰਹਿਗਈਆਂ ਹੋਣਗੀਆਂ ਜੋ ਮੇਰੀ ਅੱਲਪ ਬੁੱਧੀ ਦਾ ਕਾਰਨ ਹੈ ਸੰਗਤ ਭੁਲ ਮਾਫ ਕਰੇ।

ਇਤੀ

ਅੰਮ੍ਰਿਤ ਸਰ
੨ ਹਾੜ ੧੯੯੦

ਇੰਦ੍ਰ ਸਿੰਘ
ਚਕ੍ਰਵਰਤੀ